## ਬੀ.ਏ. ਭਾਗ-1, ਸਮੈਸਟਰ-1, ਪੰਜਾਬੀ ਲਾਜ਼ਮੀ

# ਲੇਖ-ਰਚਨਾ: ਸਿਧਾਂਤਕ ਜਾਣਕਾਰੀ

ਵਿੱਦਿਆ ਦਾ ਮੁੱਖ ਮੰਤਵ ਵਿਦਿਆਰਥੀ ਨੂੰ ਇਸ ਯੋਗ ਬਣਾਉਣ ਹੈ ਕਿ ਉਹ ਆਪਣੇ ਚੌਗਿਰਦੇ ਦੇ ਹਾਲਾਤ ਤੋਂ ਵਾਕਫ਼ ਹੋ ਜਾਏ, ਉਨ੍ਹਾਂ ਨੂੰ ਸਮਝੇ ਅਤੇ ਉਨ੍ਹਾਂ ਸੰਬੰਧੀ ਆਪਣੇ ਵਿਚਾਰ ਦਿਲਖਿਚਵੇਂ ਤੇ ਕਲਾ-ਮਈ ਢੰਗ ਨਾਲ ਪ੍ਰਗਟਾ ਸਕੇ। ਇਸ ਮੰਤਵ ਦੀ ਪ੍ਰਾਪਤੀ ਲਈ ਰਸਮੀ ਸਿੱਖਿਆ ਦੀ ਪੜ੍ਹਾਈ ਵਿਚ ਵਿਦਿਆਰਥੀ ਨੂੰ ਸਾਹਿਤ ਦੇ ਦੋਵੇਂ ਮੁੱਖ ਰੂਪ- ਪਦ(ਕਵਿਤਾ) ਅਤੇ ਗਦ(ਵਾਰਤਕ) ਪੜ੍ਹਾਏ ਜਾਂਦੇ ਹਨ। ਵਾਰਤਕ ਦੇ ਰੂਪ- ਕਹਾਣੀ, ਨਾਵਲ, ਜੀਵਨੀ, ਸ੍ਵੈ-ਜੀਵਨੀ, ਰੇਖਾ-ਚਿਤਰ, ਨਿਬੰਧ, ਲੇਖ ਆਦਿ। ਕਹਾਣੀ ਤੇ ਨਾਵਲ- ਗਲਪ। ਸੋ ਨਿਰੋਲ ਵਾਰਤਕ ਵਿਚ ਜੀਵਨੀ, ਸ੍ਵੈ-ਜੀਵਨੀ, ਰੇਖਾ-ਚਿਤਰ, ਨਿਬੰਧ, ਲੇਖ ਰਹਿ ਜਾਂਦੇ ਹਨ।

ਲੇਖ-ਰਚਨਾ ਨੂੰ ਇਹਨਾਂ ਵਿਚੋਂ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ। ਉਪਰਲੀਆਂ ਕਲਾਸਾਂ ਵਿਚ ਵਿਦਿਆਰਥੀਆਂ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਉਨ੍ਹਾਂ ਨੂੰ ਦੁਨੀਆਂ ਦੇ ਸਭ ਚਲਦੇ ਮਸਲਿਆਂ ਬਾਬਤ ਸਹੀ ਤੇ ਪੜਚੋਲਵੀਂ ਵਾਕਫ਼ੀਅਤ ਹੋਵੇ ਤੇ ਉਹ ਰਾਜਨੀਤਕ ਤੇ ਆਰਥਕ, ਸਮਾਜਕ ਤੇ ਧਾਰਮਿਕ ਅਤੇ ਵਿਦਿਅਕ ਤੇ ਸਾਹਿਤਕ ਸਮੱਸਿਆਵਾਂ ਸੰਬੰਧੀ ਆਪਣੀ ਰਾਏ ਸੁੰਦਰ ਤੇ ਪ੍ਰਭਾਵਿਕ ਢੰਗ ਨਾਲ ਪਰਗਟ ਕਰ ਸਕਣ।

ਕਿਸੇ ਵਿਸ਼ੇ ਬਾਰੇ ਕੁਝ ਖ਼ਿਆਲਾਂ ਜਾਂ ਵਿਚਾਰਾਂ ਨੂੰ ਕਿਸੇ ਤਰਤੀਬ ਵਿਚ ਅਤੇ ਸੁਲਝੇ ਹੋਏ ਢੰਗ ਨਾਲ ਪੇਸ਼ ਕਰਨਾ ਹੀ ਲੇਖ-ਰਚਨਾ ਹੈ। ਇਹ ਵਿਚਾਰ ਪ੍ਰਧਾਨ ਸੰਗਠਿਤ ਕਿਸਮ ਦੀ ਰਚਨਾ ਹੁੰਦੀ ਹੈ। ਲੇਖ ਲਿਖਣ ਦਾ ਮਨੋਰਥ ਸਬੰਧਤ ਵਿਸ਼ੇ ਬਾਰੇ ਵਾਕਫ਼ੀ ਦੇਣਾ ਹੁੰਦਾ ਹੈ।

ਬਣਤਰ ਪੱਖੋਂ ਲੇਖ ਦੋ ਕਿਸਮਾਂ ਦਾ ਹੁੰਦਾ ਹੈ- **ਰਸਮੀ-** ਇਸ ਵਿਚ ਵਿਸ਼ਾ ਪ੍ਰਧਾਨ ਹੁੰਦਾ ਹੈ। ਦਾਰਸ਼ਨਿਕ, ਵਿਗਿਆਨਕ ਤੇ ਜੀਵਨ ਤੱਥਾਂ ਨਾਲ ਭਰੇ ਲੇਖ ਉਹ ਇਤਿਹਾਸਕ ਹੋਣ ਜਾਂ ਸੂਚਨਾ ਮੂਲਕ ਸਾਰੇ ਦੇ ਸਾਰੇ ਇਸੇ ਘੇਰੇ ਵਿਚ ਆਉਂਦੇ ਹਨ। **ਗੈਰ-ਰਸਮੀ-** ਇਹਨਾਂ ਵਿਚ ਲੇਖਕ ਦੀ ਸ਼ਖ਼ਸੀਅਤ ਸ਼ਾਮਲ ਹੁੰਦੀ ਹੈ। ਇਹ ਸਾਹਿਤਕ ਕਿਸਮ ਦੇ ਹੁੰਦੇ ਹਨ।

ਸੰਖੇਪਤਾ ਲੇਖ ਦੀ ਜ਼ਰੂਰੀ ਸ਼ਰਤ ਹੈ। ਇਸ ਲਈ ਸਬੰਧਤ ਵਿਸ਼ੇ ਬਾਰੇ ਸਾਰੀ ਵਾਕਫ਼ੀ ਦੇਣ ਦੀ ਬਜਾਏ ਕੁੱਝ ਜ਼ਰੂਰੀ ਨੁਕਦੇ ਚੁਣ ਕੇ ਉਹਨਾਂ ਬਾਰੇ ਸਹੀ, ਨਿੱਗਰ ਤੇ ਸਰਬਪੱਖੀ ਜਾਣਕਾਰੀ ਦਿੱਤੀ ਜਾਵੇ। ਕਿਸੇ ਲੇਖ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੁੰਦੀ ਹੈ ਕਿ ਉਹ ਇਕ ਲੜੀ ਵਿਚ ਪ੍ਰੋਇਆ ਹੋਇਆ ਹੋਵੇ। ਇਸ ਲਈ ਦਿੱਤੀ ਗਈ ਸਾਰੀ ਵਾਕਫ਼ੀ ਇਕ ਤਰਤੀਬ ਤੇ ਲੜੀ ਵਿਚ ਪ੍ਰੋਈ ਹੋਈ ਹੋਵੇ ਅਤੇ ਬੜੇ ਸੁੰਦਰ ਤੇ ਦਿਲ-ਖਿਚਵੇਂ ਢੰਗ ਨਾਲ ਦਿੱਤੀ ਜਾਏ।

ਉਪਰੋਕਤ ਵਿਚਾਰ ਦੇ ਅਧਾਰ ਤੇ ਇਕ ਚੰਗੇ ਲੇਖ ਲਈ ਤਿੰਨ ਗੱਲਾਂ ਦੀ ਜਰੂਰਤ ਹੈ 1. ਸੰਬੰਧਤ ਗਿਆਨ ਤੇ ਵਿਚਾਰ 2. ਵਿਚਾਰਾਂ ਦੀ ਠੀਕ ਵਿਓਂਤ ਤੇ 3. ਉਨ੍ਹਾਂ ਨੂੰ ਬਿਆਨ ਕਰਨ ਦਾ ਦਿਲ-ਖਿਚਵਾਂ ਢੰਗ।

**ਗਿਆਨ ਤੇ ਵਿਚਾਰ-** ਲੇਖ ਨਾਲ ਸਬੰਧਤ ਵਿਸ਼ੇ ਸਬੰਧੀ ਨਿੱਗਰ, ਠੀਕ ਅਤੇ ਨਵੀਂ ਤਾਜ਼ੀ ਜਾਣਕਾਰੀ ਹੋਣੀ ਚਾਹੀਦੀ ਹੈ। ਜਿਸ ਲਈ ਚੋਣਵੀਆਂ ਪੁਸਤਕਾਂ ਅਤੇ ਅਖਬਾਰਾਂ ਆਦਿ ਦੀ ਸਹਾਇਤਾ ਲਈ ਜਾਂਦੀ ਹੈ। ਇਸ ਲਈ ਵਿਸ਼ੇ ਬਾਰੇ ਹਰ ਗੱਲ ਯਾਦ ਰੱਖਣ ਦੀ ਜ਼ਰੂਰਤ ਨਹੀਂ ਸਿਰਫ ਜੋ ਕੁਝ ਪੜ੍ਹੋ ਉਸ ਦੇ ਵਿਚਾਰ ਕਰੋ ਅਤੇ ਜ਼ਰੂਰੀ ਗੱਲਾਂ ਪੱਲੇ ਬੰਨ ਲਵੋ।

**ਵਿਚਾਰਾਂ ਦੀ ਠੀਕ ਵਿਉਂਤ-** ਸਾਰੇ ਖ਼ਿਆਲ ਇਕ ਲੜੀ ਵਿਚ ਪ੍ਰੋਏ ਹੋਏ ਅਤੇ ਸਾਰਾ ਮਜ਼ਮੂਨ ਇਕ ਸਰੀਰ ਇਕ-ਜਾਨ ਜਾਪੇ। ਖਿਆਲ ਉਘੜੇ-ਦੁਘੜੇ ਤੇ ਬੇਰਤਰਤੀਬੇ ਨਾ ਹੋਣ। ਸਹਿਜ ਸੁਭਾ ਇਕ ਵਾਕ ਵਿਚੋਂ ਦੂਜਾ ਵਾਕ ਤੇ ਇਕ ਖਿਆਲ ਵਿਚੋਂ ਦੂਜਾ ਖਿਆਲ ਨਿਕਲਦਾ ਆਵੇ। ਆਰੰਭ ਸਹਿਜ-ਸੁਭਾ ਤੇ ਕੁਦਰਤੀ ਅਤੇ ਅੰਤ ਵੀ ਸਹਿਜ-ਸੁਭਾ ਹੋਣਾ ਚਾਹੀਦਾ ਹੈ। ਦੁਹਰਾਓ ਤੋ ਬਚਣਾ ਚਾਹੀਦਾ ਹੈ।

1. ਲੇਖ ਦਾ ਮੁੱਢ- ਲੰਬੀ ਚੌੜੀ ਭੂਮਿਕਾ ਦੀ ਥਾਂ ਇਕ ਛੋਟਾ ਜਿਹਾ ਪੈਰ੍ਹਾ, ਜੋ ਸਿੱਧਾ ਲੇਖ ਨਾਲ ਸਬੰਧ ਰਖਦਾ ਹੋਵੇ ਕਾਫ਼ੀ ਹੈ।

2. ਲੇਖ ਦਾ ਘੇਰਾ-ਸਿਰਲੇਖ ਦੇ ਹਰੇਕ ਸ਼ਬਦ ਨੂੰ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ। ਸਿਰਲੇਖ ਤੋ ਇਹ ਨਿਰਨਾ ਕਰਨ ਦੀ ਲੋੜ ਹੁੰਦੀ ਹੈ ਕਿ ਇਸ ਦਾ ਅਸਲ ਭਾਵ ਕੀ ਹੈ ਅਤੇ ਇਸ ਵਿਚ ਕਿਹੜੀ ਕਿਹੜੀ ਗੱਲ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਅਸਬੰਧਤ ਗੱਲਾਂ ਲੇਖ ਦੀ ਜੜ ਮਾਰ ਦਿੰਦੀਆਂ ਹਨ। (ਕੱਪੜੇ ਪਾਟਣ ਵਾਲੀ ਉਦਾਹਰਨ)। ਸਿਰਲੇਖ ਵਿਚ ਥੋੜੇ ਜਿਹੇ ਫਰਕ ਨਾਲ ਲੇਖ ਦੇ ਖੇਤਰ ਅਤੇ ਉਸ ਵਿਚ ਦੇਣ ਵਾਲੇ ਬਿਆਨ ਦਾ ਫਰਕ ਪੈ ਜਾਂਦਾ ਹੈ। (ਨਾਟਕ ਅਤੇ ਪੰਜਾਬੀ ਨਾਟਕ ਦੀ ਉਦਾਹਰਨ)

3. ਲੇਖ ਦਾ ਢਾਂਚਾ- ਵਿਸ਼ੇ ਨਾਲ ਸਬੰਧਤ ਖਿਆਲਾਂ ਨੂੰ ਛਾਂਟ ਕੇ ਤਰਤੀਬ ਵਾਰ ਕਰਨ ਨੂੰ ਵਿਸ਼ੇ ਦੀ ਵਿਉਂਤ, ਖਾਕਾ ਜਾਂ ਢਾਂਚਾ ਕਿਹਾ ਜਾਂਦਾ ਹੈ। ਖਿਆਲਾਂ ਨੂੰ ਤਰਤੀਬਵਾਰ ਲਿਖ ਲਏ ਜਾਣ ਨਾਲ ਕੋਈ ਨੁਕਤਾ ਰਹਿੰਦਾ ਨਹੀਂ ਸਾਰੇ ਖਿਆਲਾਂ ਨੂੰ ਬਰਾਬਰ ਦੀ ਮਹਾਨਤਾ ਮਿਲਦੀ ਹੈ ਅਤੇ ਖਿਆਲ ਉਘੜੇ ਦੁਘੜੇ ਨਹੀਂ ਹੁੰਦੇ। ਲੇਖਾਂ ਦੀਆਂ ਵੱਖ ਵੱਖ ਕਿਸਮਾਂ ਵਿਚ ਮੁੱਢ, ਅੰਤ ਅਤੇ ਵਿਸ਼ੇ ਦੀ ਤਰਤੀਬ ਦੇ ਵੱਖਰੇ ਵੱਖਰੇ ਢੰਗ ਹਨ।

**ਬਿਆਨ ਦਾ ਢੰਗ-** ਸਾਦਾਪਣ, ਸਰਲਤਾ ਤੇ ਸਪੱਸ਼ਟਤਾ ਲਿਖਤ ਦੀ ਸਭ ਤੋਂ ਵੱਡੀ ਖੂਬੀ ਹੈ। ਵਾਕਾਂ ਦਾ ਉਹੀ ਮਤਲਬ ਨਿਕਲੇ ਜੋ ਤੁਸੀਂ ਕਹਿਣਾ ਚਹੁੰਦੇ ਹੋ। ਇਸ ਲਈ ਵਾਕ ਛੋਟੇ ਤੇ ਸਪੱਸ਼ਟ ਹੋਣੇ ਚਾਹੀਦੇ ਹਨ। ਔਖੇ ਤੇ ਓਪਰੇ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਵਿਚਾਰ ਪੱਕੇ ਅਤੇ ਸਪੱਸ਼ਟ ਹੋਣੇ ਚਾਹੀਦੇ ਹਨ। ਉਹ ਹੀ ਲਿਖੋ ਜਿਸ ਤੇ ਤੁਹਾਨੂੰ ਯਕੀਨ ਹੋਵੇ। ਆਪਣੇ ਵਿਚਾਰਾਂ ਨੂੰ ਦਲੀਲਾਂ ਨਾਲ ਸਿੱਧ ਕਰੋ। ਟਕਸਾਲੀ ਬੋਲੀ ਦੀ ਵਰਤੋਂ ਕਰਨੀ ਚਾਹੀਦੀ ਹੈ। ਸ਼ਬਦ-ਜੋੜਾਂ, ਵਿਸ਼ਰਾਮ-ਚਿਨ੍ਹਾਂ ਅਤੇ ਵਿਆਕਰਨ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ।

**ਡਾ. ਹਰਜਿੰਦਰ ਸਿੰਘ**

**ਮੁਖੀ, ਪੰਜਾਬੀ ਵਿਭਾਗ,**

**ਅਕਾਲ ਡਿਗਰੀ ਕਾਲਜ, ਮਸਤੂਆਣਾ।**